بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 18.03.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰੱਬ ਕਰੇ ਕਿ ਅਸੀਂ ਹਕੀਕੀ ਰੂਪ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਗੱਲਾਂ ਨੂੰ ਸਮਝਣ ਵਾਲੇ ਹੋਈਏ ਅਤੇ ਹਕੀਕ ਇਲਾਹੀ ਪ੍ਰੇਮ ਸਾਡੇ ਵਿੱਚ ਪੈਦਾ ਹੋ ਜਾਏ ਅਤੇ ਸਾਡਾ ਹਰ ਅਮਲ ਅਤੇ ਕਾਰਜ ਰੱਬ ਦੇ ਆਦੇਸ਼ਾਂ ਅਨੁਸਾਰ ਹੋਵੇ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਮਾਰਚ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਮਾਂਪੇ ਕਈ ਵਾਰ ਤਾਂ ਬੱਚਿਆਂ ਨੂੰ ਕਿਸੇ ਕੰਮ ਦੇ ਕਰਨ ਲਈ ਸਖ਼ਤੀ ਨਾਲ ਤਾੜਨਾ (ਝਾੜਿਆ) ਕਰਦੇ ਹਨ । ਅਤਿਅੰਤ ਸਖ਼ਤੀ ਕਰਦੇ ਹਨ ਅਤੇ ਕਈ ਲੋਕ ਬੱਚਿਆਂ ਦੀ ਗ਼ਲਤੀਆਂ ਨੂੰ ਐਨ੍ਹਾ ਅੱਖੋਂ ਓਹਲੇ ਕਰਦੇ ਹਨ ਕਿ ਬੱਚਿਆਂ ਵਿੱਚ ਚੰਗੇ ਮਾੜੇ ਦੀ ਤਮੀਜ਼ ਹੀ ਨਹੀਂ ਰਹਿੰਦੀ । ਇਹ ਦੋਵੇ ਗਲੱਾਂ ਬੱਚਿਆਂ ਦੀ ਪਾਲਣਾ ਉਪੱਰ ਭੈੜਾ ਪ੍ਰਭਾਵ ਪਾਉਂਦੀਆਂ ਹਨ । ਬਹੁਤੀ ਸਖ਼ਤੀ ਗੱਲ ਗੱਲ'ਤੇ ਅਕਾਰਣ ਤੇ ਬਿਨਾ ਦਲੀਲ ਦੇ ਰੋਕਣਾ ਟੋਕਣਾ ਬੱਚਿਆਂ ਨੂੰ ਬਾਗੀ ਬਣਾ ਦਿੰਦਾ ਹੈ ਅਤੇ ਫਿ ਉਹ ਇਕ ਉਮਰ ਮਗਰੋਂ ਉਚਿਤ ਗੱਲ ਦੀ ਵੀ ਪਰਵਾਹ ਨਹੀਂ ਕਰਦੇ । ਇਸੇ ਪ੍ਰਕਾਰ ਬੱਚੇ ਦੀ ਹਰ ਮਾਮਲੇ ਵਿੱਚ ਅਣਉਚਿਤ ਤਰਫ਼ਦਾਰੀ (ਪੱਖ ਲੈਂਣਾ) ਵੀ ਬੱਚਿਆਂ ਦੀ ਪਾਲਣਾ ਵਿੱਚ ਕੁਪ੍ਰਭਾਵ ਪਾਉਂਦੀ ਹੈ । ਵਿਸੇਸ਼ ਰੂਪ ਵਿੱਚ ਅਜਿਹੀ ਉਮਰ ਦੇ ਬੱਚੇ ਜੋ ਬਚਪੁਨੇ ਵਿੱਚੋਂ ਨਿਕਲ ਕੇ ਨੌਜਵਾਨੀ ਵਿੱਚ ਪੈਰ੍ਹ ਰੱਖ ਰਹੇ ਹੁੰਦੇ ਹਨ । ਉਹਨਾਂ ਨੂੰ ਮਾਂਪਿਆਂ ਦੇ ਇਹ ਰਵੱਈਏ ਖ਼ਰਾਬ ਕਰਦੇ ਹਨ ਵਿਸ਼ੇਸ਼ ਰੂਪ ਵਿੱਚ ਬਾਪ ਦੇ । ਸੋ, ਅਜਿਹੀ ਉਮਰ ਵਿੱਚ ਬੱਚਿਆਂ ਨੂੰ ਸਮਝਾਉਣ ਲਈ ਦਲੀਲ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਵਿਸੇਸ਼ ਰੂਪ ਵਿੱਚ ਇਸ ਜੁੱਗ ਵਿੱਚ ਜੱਦ ਕਿ ਬੱਚਿਆਂ ਉਪੱਰ ਕੇਵਲ ਆਪਣੇ ਸੀਮਿਤ ਵਾਤਾਵਰਣ ਦੀ ਹੀ ਪ੍ਰਭਾਵ ਨਹੀਂ ਹੈ ਸਗੋਂ ਪੂਰੇ ਦੇਸ਼ ਸਗੋਂ ਇਸ ਤੋਂ ਵੀ ਵੱਧਕੇ ਪੂਰੀ ਦੁਨੀਆ ਦੇ ਵਾਤਾਵਰਨ ਦਾ ਪ੍ਰਭਾਵ ਹੋ ਰਿਹਾ ਹੈ । ਅਜਿਹੀ ਅਵਸਥਾ ਵਿੱਚ ਪਿਤਾ ਨੂੰ ਵਿਸ਼ੇਸ਼ ਰੂਪ ਵਿੱਚ ਬੱਚਿਆਂ ਦੀ ਪਾਲਣਾ ਵਿੱਚ ਇਹਨਾਂ ਗੱਲਾਂ ਦਾ ਖ਼ਿਆਲ ਰਖੱਣਾ ਚਾਹੀਦਾ ਹੈ ਕਿ ਕਿੱਥੇ ਨਰਮੀ ਕਰਨੀ ਹੈ ਅਤੇ ਕਿੱਥੇ ਸਖ਼ਤੀ ਕਰਨੀ ਹੈ ਕਿਵੇ ਬੱਚਿਆਂ ਨੂੰ ਸਮਝਾਉਂਣਾ ਹੈ ਇਹ ਪਿਤਾ ਦੀ ਜ਼ਿੰਮੇਦਾਰੀ ਹੈ ਕੇਵਲ ਮਾਂਵਾਂ ਉਪੱਰ ਨ ਛੱਡੋ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਿਵੇਂ ਤਰਬੀਯਤ ਕਰਦੇ ਸਨ ਇਸ ਦੀ ਇਕ ਗੱਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਰਨਣ ਫ਼ਰਮਾਉਂਦੇ ਹਨ । ਘਟਨਾ ਦੀ ਚਰਚਾ ਕਰਦਿਆਂ ਹੋਇਆਂ ਵਿਸਥਾਰ ਵਰਨਣ ਕਰਦੇ ਹਨ ਕਿ ਕਿਹੜੀਆਂ ਚੀਜ਼ਾਂ ਹਲਾਲ ਹਨ ਅਤੇ ਕਿਹੜੀਆਂ ਤਯੱਬ (ਪਵਿੱਤਰ) ਹਨ । ਆਪ ਫ਼ਰਮਾਉਂਦੇਹਨ ਕਿ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਨੇ ਵੱਖ ਵੱਖ ਜਨਵਰ ਵੱਖ ਵੱਖ ਕਾਰਜਾਂ ਲਈ ਪੈਦਾ ਕੀਤੇ ਹਨ ਕੋਈ ਸੁੰਦਰਤਾ ਲਈ ਦੇਖਣ ਵਿੱਚ ਸੁੰਦਰ ਦਿਖਾਈ ਦਿੰਦਾ ਹੈ । ਕੋਈ ਅਵਾਜ਼ ਲਈ ਉਹਨਾ ਦੀ ਅਵਾਜ਼ ਉਮਦਾ ਹੈ ਕੋਈ ਖਾਣ ਲਈ ਉਸਦਾ ਮਾਸ ਚੰਗਾ ਹੈ ਕੋਈ ਦਵਾਈ ਲਈ ਉਸ ਦੇ ਮਾਸ ਵਿੱਚ ਕਿਸੇ ਰੋਗ ਨੂੰ ਠੀਕ ਕਰਨ ਦੀ ਸ਼ਕਤੀ ਹੈ । ਕੇਵਲ ਜਾਨਵਰ ਤੇ ਹਲਾਲ ਦੇਖਕੇ ਨਹੀਂ ਖਾਣਾ ਚਾਹੀਦਾ । ਸੋ, ਬੇਸ਼ਕ ਹਲਾਲ ਵੀ ਹੈ ਤਯੱਬ (ਪਾਕ) ਵੀ ਹੈ ਪਰ ਦੇਖਣ ਵਾਲੀ ਇਹ ਚੀਜ਼ ਹੋਵੇਗੀ ਕਿ ਬਹੁਤਾ ਲਾਭ ਕਿਸ ਵਿੱਚ ਹੈ । ਆਪਣੇ ਲਾਭ ਲਈ ਮਾਨਵਤਾ ਦੇ ਲਾਭ ਨੂੰ ਖ਼ਤਮ

ਕਰਨਾ ਹੋਵੇਗਾ ਜਾਂ ਮਾਨਵਤਾ ਦੇ ਲਾਭ ਲਈ ਆਪਣੇ ਲਾਭ ਨੂੰ ਕੁਰਬਾਨ ਕਰਨ ਨੂੰ ਪਹਿਲ ਦੇਣੀ ਹੋਵੇਗੀ । ਕਿਉਂਕਿ ਉਹਨਾਂ ਨੂੰ ਖਾਣ ਦੇ ਸਬਬ ਮਨੁੱਖ ਹੋਰਨਾ ਅਨੇਕਾਂ ਲਾਭਾਂ ਤੋਂ ਵੰਚਿਤ ਰਹਿ ਜਾਣਗੇ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਬਚਪੁਣੇ ਵਿੱਚ ਹੀ ਇਹ ਪਾਠ ਦਿੱਤਾ ਗਿਆ ਸੀ । ਮੈਂ ਬਚਪੁਣੇ ਵਿੱਚ ਇਕ ਵਾਰ ਇਕ ਤੋਤੇ ਦਾ ਸ਼ਿਕਾਰ ਕਰਕੇ ਲਿਆਇਆ । ਹਜ਼ਰਤ ਮਸੀਹ ਮੌਊਦ ਅਲੈਜਹ ਸਲਾਮ ਨੇ ਉਸ ਨੂੰ ਦੇਖ ਕੇ ਮੈਂਨੂੰ ਕਿਹਾ ਕਿ ਮਹਮੂਦ ! ਇਸ ਦਾ ਮਾਸ ਹਰਾਮ ਤਾਂ ਨਹੀਂ ਪਰ ਅਲੱਾਹ ਤਆਲਾ ਨੇ ਹਰ ਜਾਨਵਰ ਖਾਣ ਲਈ ਨਹੀਂ ਪੈਦਾ ਕੀਤਾ । ਕਈ ਸੁੰਦਰ ਜਾਨਵਰ ਦੇਖਣ ਲਈ ਹਨ ਕਿ ਉਹਨਾਂ ਨੂੰ ਦੇਖਕੇ ਅਖੱਾਂ ਨੂੰ ਰਾਹਤ (ਸਕੂਨ) ਪਾਉਣ ਕਈ ਜਾਨਵਰਾਂ ਨੂੰ ਉਮਦਾ (ਚੰਗੀ) ਅਵਾਜ਼ ਦਿੱਤੀ ਹੈ ਉਹਨਾਂ ਦੀ ਅਵਾਜ਼ ਸੁਣਕੇ ਕੰਨ ਆਨੰਦ ਮਾਣਦੇ ਹਨ । ਸੋ ਅਲੱਾਹ ਤਆਲਾ ਨੇ ਮਨੁੱਖ ਦੀ ਹਰ ਹਿਸ (ਇੰਦਰੀ, ਭਾਵਨਾ) ਲਈ ਨੇਮਤਾਂ ਪੈਦਾ ਕੀਤੀਆਂ ਹਨ । ਉਹ ਸਾਰੀਆਂ ਦੀ ਸਾਰੀਆਂ ਖੋਹ ਕੇ ਜ਼ੁਬਾਨ (ਸੁਆਦ) ਨੂੰ ਨਹੀਂ ਦੇ ਦੇਣੀਆਂ ਚਾਹੀਦੀਆ ।

ਸੋ, ਇਹ ਸੁੰਦਰ ਢੰਗ ਜੋ ਸੀਖ ਦੇਣ ਦਾ ਹੈ ਨ ਕੇਵਲ ਮਨ ਉਪੱਰ ਪ੍ਰਭਾਵ ਪਾਉਣ ਵਾਲਾ ਹੈ ਸਗੋਂ ਰੱਬ ਦੇ ਉਸ ਆਦੇਸ਼ ਨੂੰ ਵੀ ਸੋਚ ਵਿੱਚ ਬਿਠਾਉਣ ਵਾਲਾ ਹੈ ਕਿ ਹਲਾਲ ਅਤੇ ਤਯੱਬ (ਪਾਕ) ਤਾਂ ਖਾਓ ਪਰ ਉਸ ਵਿੱਚ ਵੀ ਸਾਵਧਾਨੀ ਹੋਣੀ ਚਾਹੀਦੀ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਵਰਨਣ ਕੀਤੀਆਂ ਕੁਝ ਹੋਰ ਗੱਲਾਂ ਪੇਸ਼ ਕਰਦਾ ਹਾਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੁਨੀਆਂ ਵਿੱਚੋਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਅਤੇ ਇਸਲਾਮ ਦੀ ਸੁੰਦਰ ਸਿੱਖਿਆ ਦਿਖਾਉਣ ਲਈ ਆਏ ਸਨ । ਸੋ, ਜੱਦ ਆਪ ਦਾ ਇਹ ਮਿਸ਼ਨ ਸੀ ਤਾਂ ਕਿਵੇਂ ਸੰਭਵ ਸੀ ਕਿ ਆਪ ਦਾ ਆਪਣਾ ਵਿਅਕਤੀਤਵ ਕਿਸੇ ਪ੍ਰਕਾਰ ਦੀ ਕੁਰੀਤੀ ਦੇ ਫੈਲਣ ਦਾ ਸਬਬ ਹੋਵੇ ਜਾਂ ਆਪ ਕੋਈ ਕੁਰੀਤੀ ਫੈਲਾਉਣ ਵਾਲੇ ਹੋਣ (ਨਊਜ਼ ਬਿਲੱਾਹ) । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਘਟਣਾ ਵਰਨਣ ਕਰਦ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਆਪਣੀ ਫੋਟੋ ਖਿਚਵਾਈ ਪਰ ਜੱਦ ਇਕ ਕਾਰਡ ਆਪ ਦੀ ਸੇਵਾ ਵਿੱਚ ਪੇਸ਼ ਕੀਤਾ ਗਿਆ ਜਿਸ'ਤੇ ਆਪ ਦੀ ਫੋਟੋ ਸੀ, ਪੋਸਟਕਾਰਡ ਸੀ ਤਾਂ ਆਪ ਨੇ ਫ਼ਰਮਾਇਆ ਕਿ ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਅਤੇ ਜਮਾਤ ਨੂੰ ਹਿਦਾਇਤ ਦਿੱਤੀ ਕਿ ਕੋਈ ਮਨੁੱਖ ਅਜਿਹੇ ਕਾਰਡ ਨ ਖਰੀਦੇ ਸਿਟੱਾ ਇਹ ਹੋਇਆ ਕਿ ਭਵਿੱਖ ਵਿੱਚ ਕਿਸੇ ਨੇ ਅਜਿਹਾ ਕਰਨ ਦੀ ਜੁਰੱਤ ਨਹੀਂ ਕੀਤੀ । ਪਰ ਅੱਜ ਕੱਲ ਫਿਰ ਕਈ ਥਾਵਾਂ'ਤੇ ਕਈ ਟਵੀਟਸ ਵਿੱਚ ਵਾਟਸਐਪ ਵਿੱਚ ਮੈਂ ਦੇਖਿਆ ਹੈ ਕਿ ਲੋਕ ਕਿਤੋਂ ਇਹ ਕਾਰਡ ਕੱਢ ਕੇ ਫੈਲਾਉਣ ਦਾ ਜਤਨ ਕਰ ਰਹੇ ਹਨ । ਪੁਰਾਣੇ ਕਾਰਡਾਂ ਵਿੱਚ ਕਿਸੇ ਜੁੱਗ ਵਿੱਚ ਹੋਏ ਅਤੇ ਕਿਤੋਂ ਆਪਣੇ ਬਜ਼ੁਰਗਾਂ ਤੋਂ ਲਏ ਜਾਂ ਕਿਸੇ ਦੁਕਾਨ ਵਿੱਚੋਂ ਕਈਆਂ ਨੇ ਖ਼ਰੀਦੇ ਪੁਰਾਣੀ ਕਿਤਾਬਾਂ ਦੀਆਂ ਦੁਕਾਨਾਂ ਵਿੱਚੋਂ, ਇਹ ਗ਼ਲਤ ਢੰਗ ਹੈ ਇਸ ਨੂੰ ਬੰਦ ਕਰਨਾ ਚਾਹੀਦਾ ਹੈ । ਫੋਟੋ ਆਪ ਨੇ ਇਸ ਲਈ ਖਿਚਵਾਈ ਸੀ ਕਿ ਦੂਰ ਦੁਰਾਡੇ ਦੇ ਲੋਕ ਅਤੇ ਵਿਸ਼ੇਸ਼ ਰੂਪ ਵਿੱਚ ਯੂਰੋਪੀਅਨ ਲੋਕ ਜੋ ਚਹਰੇ ਤੋਂ ਪਛਾਨਣ ਵਾਲੇ ਹੁੰਦੇ ਹਨ ਉਹ ਆਪ ਦੀ ਫੋਟੋ ਦੇਖਕੇ ਸਚੱਾਈ ਦੀ ਭਾਲ ਕਰ ਸਕਣਗੇ ਇਸ ਦੀ ਖੋਜ ਕਰਨਗੇ ਪਰ ਜੱਦ ਆਪ ਨੇ ਦੇਖਿਆ ਕਿ ਕਾਰਡ ਉਪੱਰ ਫੋਟੋ ਪ੍ਰਕਾਸ਼ਤ ਕਰਕੇ ਲੋਕ ਇਸ ਨੂੰ ਵਪਾਰ ਦਾ ਸਾਧਨ ਬਣਾਉਣ ਦਾ ਜਤਨ ਕਰ ਰਹੇ ਹਨ ਜਾਂ ਕਿਤੇ ਬਣਾ ਲੈਂਣ, ਜੱਦ ਆਪ ਨੇ ਇਹ ਅਨੁਭਵ ਕੀਤਾ ਕਿ ਇਸ ਤੋਂ ਕੁਰੀਤੀ ਨ ਫੈਲਣੀ ਸ਼ੁਰੂ ਹੋ ਜਾਵੇ ਇਹ ਕੁਰੀਤੀ ਫੈਲਣ ਦਾ ਸਾਧਨ ਨ ਬਣ ਜਾਵੇ ਤਾਂ ਆਪ ਨੇ ਸਖ਼ਤੀ ਨਾਲ ਇਸ ਨੂੰ ਰੋਕ ਦਿਤੱਾ ਸਗੋਂ ਕਈ ਥਾਂ ਆਪ ਨੇ ਫ਼ਰਮਾਇਆ ਕਿ ਇਸ ਨੂੰ ਨਸ਼ਟ ਕਰ ਦਿਤੱਾ ਜਾਵੇ । ਸੋ, ਉਹ ਲੋਕ ਜੋ ਫੋਟੋਆਂ ਦਾ ਕਾਰੋਬਾਰ ਕਰਦੇ ਹਨ ਜਿੰਨ੍ਹਾ ਨੇ ਫੋਟੋਆਂ ਨੂੰ ਵਪਾਰ ਦਾ ਸਾਧਨ ਬਣਾਇਆ ਹੋਇਆ ਹੈ ਅਤੇ ਅਤਿਅੰਤ ਕੀਮਤਾਂ ਇਸ ਦੀਆਂ ਵਸੂਲਦੇ ਹਨ ਉਹਨਾਂ ਨੂੰ ਧਿਆਨ ਦੇਣਾ ਚਾਹੀਦਾ ਹੈ । ਫਿਰ ਕੁਝ ਅਜਿਹੇ ਵੀ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਵਿੱਚ ਕੁਝ ਰੰਗ ਭਰ ਦਿੰਦੇ ਹਨ ਜੱਦ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕੋਈ ਤਸਵੀਰ ਵੀ ਕਲਰਡ (coloured) ਨਹੀਂ ਹੈ । ਇਹ ਵੀ ਗ਼ਲਤ ਚੀਜ਼ ਹੈ ਇਸ ਤੋਂ ਵੀ ਬਚਣਾ ਚਾਹੀਦਾ ਹੈ । ਇਸੇ ਪ੍ਰਕਾਰ ਖ਼ਲੀਫ਼ਾ ਸਾਹਿਬਾਨ ਦੀਆਂ ਤਸਵੀਰਾਂ ਹਨ ਉਹਨਾਂ ਤੋਂ ਵੀ ਬਚਣਾ ਚਾਹੀਦਾ ਹੈ । ਇਕ ਵਾਰ ਸਿਨੇਮਾ ਤੇ ਬਾਈਸਕੋਪ ਬਾਰੇ ਇਕ ਸ਼ੂਰਾ ਦੀ ਸਭਾ ਵਿੱਚ ਬਹਿਸ ਚਲ ਪਈ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਾਹ ਦੇ ਸਾਹਮਣੇ ਇਸ'ਤੇ ਆਪ ਨੇ ਫ਼ਰਮਾਇਆ ਕਿ ਇਹ ਆਖਣਾ ਕਿ ਸਿਨੇਮਾ ਜਾਂ ਬਾਈਸਕੋਪ ਆਪਣੇ ਆਪ ਵਿੱਚ ਬੁਰਾ ਹੈ ਠੀਕ ਨਹੀਂ । ਫ਼ੋਨੋਗ੍ਰਾਫ਼ ਆਪ ਹਜ਼ਰਤ ਮਸੀਹ ਮੌਊਦ ਅਲੈਹਿ

ਸਲਾਮ ਨੇ ਸੁਣਿਆ ਹੈ ਸਗੋਂ ਇਸ'ਤੇ ਆਪ ਨੇ ਇਕ ਕਵਿਤਾ ਵੀ ਲਿਖੀ ਅਤੇ ਪੜ੍ਹਵਾਈ ਅਤੇ ਫਿਰ ਏਥੋਂ ਦੇ ਹਿੰਦੂਆਂ ਨੂੰ ਬੁਲਾਕੇ ਉਹ ਕਵਿਤਾ ਸੁਣਾਈ । ਇਹ ਉਸ ਕਵਿਤਾ ਦੇ ਇਕ ਸ਼ੇਅਰ ਹੈ :-

ਆਵਾਜ਼ ਆ ਰਹੀ ਹੈ ਇਹ ਫੌਨੋਗਰਾਫ਼ ਢੂੰਡੋ ਖ਼ੁਦਾ ਕੋ ਦਿਲ ਸੇ ਨ ਲਾਫ਼ ਵ ਗ਼ਜ਼ਾਫ਼ ਸੇ

ਸੋ, ਸਿਨੇਮਾ ਆਪਣੇ ਆਪ ਵਿੱਚ ਬੁਰਾ ਨਹੀਂ । ਲੋਕ ਬਹੁਤ ਪ੍ਰਸ਼ਨ ਕਰਦੇ ਹਨ ਕਿ ਓਥੇ ਰਾਣਾ ਪਾਪ ਤਾਂ ਨਹੀਂ ਹੈ, ਇਹ ਆਪਣੇ ਆਪ ਵਿੱਚ ਬੁਰਾ ਨਹੀਂ ਹਾ ਸਗੋਂ ਇਸ ਜੁੱਗ ਵਿੱਚ ਇਸ ਦੀਆਂ ਜੋ ਹਾਲਤਾਂ ਹਨ ਉਹ ਅਚਰਨ ਵਿਗਾੜਨ ਵਾਲੀਆਂ ਹਨ । ਜੇਕਰ ਕੋਈ ਫ਼ਿਲਮ ਪੂਰਨਤਾ ਪ੍ਰਚਾਰਕ ਜਾਂ ਸਿੱਖਿਆਦਾਇਕ ਹੋਵੇ ਅਤੇ ਉਸ ਵਿੱਚ ਕੋਈ ਤਮਾਸ਼ਾ ਆਦਿ ਦਾ ਕੋਈ ਭਾਗ ਨਾ ਹੋਵੇ ਤਾਂ ਇਸ ਵਿੱਚ ਕੋਈ ਹਰਜ ਨਹੀਂ । ਕੋਈ ਡਰਾਮੇਬਾਜ਼ੀ ਨ ਹੋਵੇ । ਆਪ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੇਰੀ ਇਹੋ ਸਲਾਹ ਹੈ ਕਿ ਪ੍ਰਚਾਰਕ ਤਮਾਸ਼ਾ ਵੀ ਅਣਉਚਿਤ ਹੈ, ਗ਼ਲਤ ਤਰੀਕਾ ਹੈ । ਸੋ, ਇਸ ਗੱਲ ਨਾਲ ਉਹਨਾਂ ਲੋਕਾਂ' ਤੇ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਜੋ ਇਹ ਕਹਿੰਦੇ ਹਨ ਕਿ ਐਮ.ਟੀ.ਏ. ਉਪੱਰ ਪ੍ਰੋਗਰਾਮਾ ਵਿੱਚ ਕਈ ਵਾਰ ਮਿਊਜ਼ਿਕ ਆ ਜਾਵੇ ਤਾਂ ਕੋਈ ਹਰਜ ਨਹੀਂ ਜਾਂ ਵਾਇਸ ਆਫ਼ ਇਸਲਾਮ ਰੇਡੀਓ ਅਰੰਭ ਹੋਇਆ ਹੈ ਉਸ'ਤੇ ਵੀ ਆ ਜਾਵੇ ਤਾਂ ਕੋਈ ਹਰਜ ਨਹੀਂ । ਇਹਨਾਂ ਗੱਲਾਂ ਤੇ ਇਹਨਾ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਏ ਸਨ । ਸਾਨੂੰ ਆਪਣੀਆਂ ਸੋਚਾਂ ਨੂੰ ਇਸ ਵੱਲ ਢਾਲ੍ਹਣਾ ਹੋਵੇਗਾ ਜੋ ਆਪ ਅਲੈਹਿ ਸਲਾਮ ਦਾ ਮੰਤਵ ਸੀ । ਨਵੀਂਆਂ ਕਾਢਾਂ ਤੋਂ ਲਾਭ ਉਠਾਉਣਾ ਹਰਾਮ ਨਹੀਂ ਨ ਹੀ ਕੁਰੀਤੀ ਹੈ ਪਰ ਇਹਨਾਂ ਦੀ ਗ਼ਲਤ ਵਰਤੋਂ ਕੁਰੀਤੀ ਬਣਾ ਦਿੰਦੀ ਹੈ । ਕਈ ਲੋਕ ਇਹ ਵਿਉਂਤਾਂ ਵੀ ਦਿੰਦੇ ਹਨ ਕਿ ਡਰਾਮੇ ਦੇ ਰੂਪ ਵਿੱਚ ਤਬਲੀਗ਼ੀ (ਪ੍ਰਚਾਰਕ) ਪ੍ਰੋਗਰਾਮ ਜਾਂ ਸਿੱਖਿਆ ਦਾਇਕ ਪ੍ਰੋਗਰਾਮ ਬਣਾਏ ਜਾਣ ਤਾਂ ਉਹਨਾਂ ਦਾ ਪ੍ਰਭਾਵ ਹੋਵੇਗਾ । ਉਹਨਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਕ ਗ਼ਲਤ ਗੱਲ ਵਿੱਚ ਆਪ ਦਾਖ਼ਲ ਹੋਣਗੇ ਜਾਂ ਕੋਈ ਵੀ ਗ਼ਲਤ ਗੱਲ ਆਪਣੇ ਪ੍ਰੋਗਰਾਮਾਂ ਵਿੱਚ ਦਾਖ਼ਲ ਕਰਾਂਗੇ ਤਾਂ ਸੌ ਪ੍ਰਕਾਰ ਦੀਆਂ ਕੁਰੀਤੀਆਂ ਕੁਝ ਸਮੇਂ ਬਾਦ ਆਪਣੇ ਆਪ ਦਾਖ਼ਲ ਹੋ ਜਾਣਗੀਆਂ । ਹੋਰਨਾ ਅਨੁਸਾਰ ਤਾਂ ਸ਼ਾਇਦ ਕੁਰਆਨ ਕਰੀਮ ਵੀ ਮਿਊਜ਼ਿਕ ਨਾਲ ਪੜ੍ਹਨਾ ਜਾਇਜ਼ ਹੈ ਪਰ ਇਕ ਅਹਮਦੀ ਨੇ ਕੁਰੀਤੀਆਂ ਵਿਰੁਧ ਜਿਹਾਦ (ਸੰਘਰਸ਼) ਕਰਨਾ ਹੈ । ਇਸ ਲਈ ਸਾਨੂੰ ਇਹਨਾਂ ਗੱਲਾਂ ਤੋਂ ਬਚਣਾ ਚਾਹੀਦਾ ਹੈ ਅਤੇ ਬਚਣ ਦਾ ਬਹੁਤ ਜਤਨ ਕਰਨਾ ਚਾਹੀਦਾ ਹੈ । ਜੱਦ ਇਹ ਕੁਰੀਤੀਆਂ ਫੈਲਦੀਆਂ ਹਨ ਤਾਂ ਸੋਚਾਂ ਵੀ ਉਸੇ ਤਰ੍ਹਾਂ ਬਦਲ ਜਾਂਦੀਆਂ ਹਨ । ਡਾਕਟਰਾਂ ਦੀ ਚਰਚਾ ਕਰਦੇ ਹੋਏ ਆਪ ਇਕ ਥਾਂ ਫ਼ਰਮਾਉਂਦੇ ਹਨ ਕਿ ਭਾਰਤੀ ਡਾਕਟਰਾਂ ਵਿੱਚੋਂ 99% ਅਜਿਹੇ ਹਨ ਜੋ ਦੂਜਿਆਂ ਤੋਂ ਮਸ਼ਵਰੇ ਕਰਨ ਨੂੰ ਵੀ ਆਪਣੀ ਹਤੱਕ ਸਮਝਦੇ ਹਨ ।

ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਨੀਯਮ ਸੀ ਅਤੇ ਮੈਂ ਆਪ ਵੀ ਜੱਦ 1918 ਈ. ਵਿੱਚ ਬਿਮਾਰ ਹੋਇਆ ਤਾਂ ਮੈਂ ਵੀ ਅਜਿਹਾ ਹੀ ਕੀਤਾ ਕਿ ਤਬੀਬ (ਵੈਦ) ਤੇ ਡਾਕਟਰ ਸਾਰੇ ਇਕੱਠੇ ਕਰ ਲਏ ਅਤੇ ਡਾਕਟਰਾਂ ਦੀ ਦਵਾਈ ਵੀ ਖਾਂਦਾ ਰਿਹਾ ਅਤੇ ਤਬੀਬਾਂ (ਵੈਦਾਂ) ਦੀ ਵੀ, ਕੀ ਪਤਾ ਰੱਬ ਕਿਸ ਤੋਂ ਲਾਭ ਦੇ ਦੇਵੇ । ਜੇਕਰ ਕੋਈ ਡਾਕਟਰ ਆਪਣੇ ਆਪ ਨੂੰ ਰੱਬ ਸਮਝਦਾ ਹੈ ਤਾਂ ਸਮਝੇ ਅਸੀਂ ਤਾਂ ਉਸ ਨੂੰ ਮਨੁੱਖ ਹੀ ਸਮਝਦੇ ਹਾਂ ।

ਕਈ ਵਾਰ ਆਮ ਜੜੀ ਬੂਟੀਆਂ ਤੋਂ ਇਲਾਜ ਕਰਨ ਵਾਲੇ ਲੋਕ ਜੋ ਬਕਾਇਦਾ ਵੈਦ ਵੀ ਨਹੀਂ ਕੁਝ ਨੁਸਖ਼ੇ ਉਹਨਾਂ ਕੋਲ ਆ ਜਾਂਦੇ ਹਨ ਅਤੇ ਉਹ ਇਲਾਜ ਕਰਦੇ ਹਨ ਅਤੇ ਬਹੁਤ ਵੱਧੀਆ ਇਲਾਜ ਕਰਦੇ ਹਨ । ਓਥੇ ਜਿੱਥੇ ਕਈ ਵਾਰ ਡਾਕਟਰ ਫੇਲ ਹੋ ਜਾਂਦੇ ਹਨ ਕੋਈ ਇਲਾਜ ਕਾਰਗਰ ਨਹੀਂ ਹੁੰਦਾ ਓਥੇ ਉਹਨਾ ਦੇ ਇਲਾਜ ਜਾਂ ਟੋਟਕੇ ਕੰਮ ਆ ਜਾਂਦੇ ਹਨ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਸਯੱਦ ਅਹਮਦ ਨੂਰ ਸਾਹਬ ਕਾਬਲੀ ਦੀ ਨੱਕ ਉਪੱਰ ਘਾਉ ਸੀ ਉਹਨਾਂ ਨੇ ਕਈ ਇਲਾਜ ਕਰਵਾਏ । ਲਾਹੌਰ ਦੇ ਮਿਉ ਹਸਪਤਾਲ ਵੀ ਗਏ, ਐਕਸਰੇ ਕਰਾਕੇ ਇਲਾਜ ਕਰਵਾਇਆ ਕਿ ਕੀ ਕਾਰਣ ਹੈ ਪਤਾ ਲੱਗੇ ਪਰ ਘਾਉ ਹੋਰ ਵੀ ਖਰਾਬ ਹੁੰਦਾ ਗਿਆ । ਅਖੀਰ ਉਹ ਪਸ਼ਾਵਰ ਗਏ ਓਥੇ ਇਕ ਨਾਈ ਤੋਂ ਇਲਾਜ ਕਰਵਾਇਆ । ਉਸ ਨੇ ਕੇਵਲ ਤਿੰਨ ਦਿਨ ਦਵਾਈ ਦਿੱਤੀ ਅਤੇ ਘਾਉ ਚੰਗਾ ਹੋ ਗਿਆ । ਇਸ ਲਈ ਆਪ ਫ਼ਰਮਾਉਂਦੇ ਹਨ ਕਿ ਹੁਣ ਅਜਿਹੇ ਮਾਹਰ ਮੌਜੂਦ ਹਨ ਜਿੰਨ੍ਹਾ ਨੂੰ ਅਜਿਹੇ ਅਜਿਹੇ ਪੇਸ਼ੇ ਆਉਂਦੇ ਹਨ ਕਿ ਜੇਕਰ ਉਹਨਾਂ ਨੂੰ ਜੀਉਂਦਿਆਂ ਰੱਖਿਆ ਜਾਵੇ ਤਾਂ ਇਸ ਤੋਂ ਅੱਗੇ ਕਈ ਨਵੇਂ ਪੇਸ਼ੇ ਅਰੰਭ ਹੋ ਸਕਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੁਣਾਇਆ ਕਰਦੇ ਸਨ ਕਿ ਇਕ ਨਾਈ ਸੀ ਜਿਸ ਨੂੰ ਅਜਿਹੀ ਮਰਹਮ ਦਾ ਗਿਆਨ ਸੀ ਜਿਸ ਤੋਂ ਵੱਡੇ ਵੱਡੇ ਖਰਾਬ

ਘਾਉ ਵੀ ਚੰਗੇ ਹੋ ਜਾਂਦੇ ਸਨ । ਲੋਕ ਦੂਰ ਦੂਰ ਤੋਂ ਉਸ ਕੋਲ ਇਲਾਜ ਲਈ ਆਉਂਦੇ ਸਨ । ਉਸ ਦਾ ਪੁਤੱਰ ਉਸਦਾ ਨੁਸਖ਼ਾ ਪੁਛੱਦਾ ਤਾਂ ਉਹ ਉਤੱਰ ਦਿੰਦਾ ਕਿ ਇਸ ਦੇ ਜਾਨਣ ਵਾਲੇ ਦੁਨੀਆ ਵਿੱਚ ਦੋ ਨਹੀਂ ਹੋਣੇ ਚਾਹੀਦੇ । ਸੋ, ਮੇਰੇ ਕੋਲ ਗਿਆਨ ਹੈ ਏਥੇ ਹੀ ਰਹੇਗਾ ਪੁਤੱਰ ਨੂੰ ਵੀ ਨਹੀਂ ਦਸੱਣਾ । ਅਖੀਰ ਉਹ ਬੁਢੱਾ ਹੋ ਗਿਆ ਅਤੇ ਸਖ਼ਤ ਬਿਮਾਰ ਹੋਇਆ ਤਾਂ ਉਸ ਦੇ ਪੁਤੱਰ ਨੇ ਕਿਹਾ ਕਿ ਹੁਣ ਤਾਂ ਦੱਸ ਦਿਓ, ਜੀਵਨ ਦਾ ਕੁਝ ਪਤਾ ਨਹੀਂ । ਉਹ ਕਹਿਣ ਲੱਗਾ ਕਿ ਚੰਗਾ ਜੇਕਰ ਤੁਸੀਂ ਸਮਝਦੇ ਹੋ ਕਿ ਮੈਂ ਮਰਨ ਲਗੱਾ ਹਾਂ ਤਾਂ ਦੱਸ ਦਿੰਦਾ ਹਾਂ ਪਰ ਫਿਰ ਕਹਿਣ ਲੱਗਾ ਕਿ ਕੀ ਪਤਾ ਮੈਂ ਚੰਗਾ ਹੋ ਜਾਵਾਂ ਇਸ ਲਈ ਫਿਰ ਦਸੱਣ ਤੋਂ ਰੁਕ ਗਿਆ ਅਤੇ ਕੁਝ ਘੰਟਿਆਂ ਬਾਦ ਉਸ ਦੀ ਜਾਨ ਨਿਕਲ ਗਈ ਅਤੇ ਓਸ ਦਾ ਪੁਤੱਰ ਵਿਚਾਰਾ ਪੁਛੱਦਾ ਹੀ ਰਹਿ ਗਿਆ, ਇਕ ਹੁਨਰ ਤੋਂ ਵਾਂਜਿਆਂ ਰਹਿ ਗਿਆ । ਆਪ ਫ਼ਰਮਾਉਂਦੇ ਹਨ ਕਿ ਬੁਖ਼ਲ (ਕੰਜੂਸੀ) ਤਰੱਕੀ ਦਾ ਨਹੀਂ ਸਗੋਂ ਜ਼ਿਲੱਤ ਤੇ ਰੁਸਵਾਈ ਦਾ ਸਬਬ ਬਣਦਾ ਹੈ ਇਸ ਲਈ ਅਜਿਹੇ ਮਾਮਲਿਆਂ ਵਿੱਚ ਗਿਆਨ ਦੇ ਮਾਮਲਿਆਂ ਵਿੱਚ ਕੰਜੂਸੀ ਨਹੀਂ ਕਰਨੀ ਚਾਹੀਦੀ, ਉਸਨੂੰ ਫ਼ੈਲਾਉਣ ਦਾ ਜਤਨ ਕਰਨਾ ਚਾਹੀਦਾ ਹੈ । ਇਹਨਾ ਪੇਸ਼ਿਆਂ ਤੇ ਹੁਨਰਾਂ ਨੂੰ ਸਿਖਾਉਣਾ ਮਾੜਾ ਨਹੀਂ ਸਗੋਂ ਲਾਭਦਾਇਕ ਹੈ ਇਸ ਨਾਲ ਗਿਆਨ ਵਧੱਦਾ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਇਹਨਾਂ ਹੁਨਰਾਂ ਤੇ ਪੇਸ਼ਿਆਂ ਨੂੰ ਵਿਸ਼ੇਸ਼ ਰੂਪ ਵਿੱਚ ਮੁਰਦਾ ਪਏ ਹੁਨਰਾਂ ਨੂੰ ਤਰੱਕੀ ਦਿੱਤੀ ਜਾਵੇ । ਸੋ, ਕਿਤੇ ਹੰਕਾਰ ਦਾ ਸਬਬ ਬਣ ਰਹੇ ਹੁੰਦੇ ਹਨ ਇਕ ਡਾਕਟਰ ਦੂਜਿਆਂ ਲਈ ਇਸ ਹੰਕਾਰ ਦੇ ਸਬਬ ਕਸ਼ਟ ਦਾ ਸਬਬ ਬਣ ਰਹੇ ਹੁੰਦੇ ਹਨ ਅਤੇ ਕਦੇ ਮੂਰਖਤਾ ਜੋ ਹੈ ਉਹ ਗਿਆਨ ਦਾ ਖ਼ਾਤਮਾ ਕਰ ਦਿੰਦੀ ਹੈ ਅਤੇ ਫਿਰ ਉਹ ਲਾਭ ਜੋ ਦੁਨੀਆਂ ਨੂੰ ਪਹੁੰਚ ਰਿਹਾ ਹੁੰਦਾ ਹੈ ਉਸ ਤੋਂ ਦੁਨੀਆਂ ਵਾਂਜੀ ਰਹਿ ਜਾਂਦੀ ਹੈ । ਇਹ ਤਾਂ ਪਛੜੇ ਤੇ ਵਿਕਸਿਤ ਦੇਸ਼ਾਂ ਵਿੱਚ ਆਮ ਚੀਜ਼ ਹੈ । ਜਮਾਤ ਅਹਮਦੀਆ ਨੂੰ ਵਿਸ਼ੇਸ਼ ਰੂਪ ਵਿੱਚ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਇਸ ਮੂਰਖਥਾ ਨੂੰ ਦੂਰ ਕਰਨ । ਮਨੁਖ ਦੇ ਕਈ ਸੁਭਾਵ ਹੁੰਦੇ ਹਨ ਕਈ ਨੇਕੀਆਂ ਵਿੱਚ ਬਹੁਤ ਵਧੇ ਹੋਏ ਹੁੰਦੇ ਹਨ ਅਤੇ ਹਰ ਗੱਲ ਨੂੰ ਬਹੁਤ ਹੀ ਠਰ੍ਹਮੇਂ ਨਾਲ ਮਨ੍ਹਦੇ ਹਨ ਕਈ ਕਾਹਲੇ ਹੁੰਦੇ ਹਨ । ਨੀਯਤ ਭੈੜੀ ਨ ਵੀ ਹੋਵੇ ਤਾਂ ਵੀ ਇਤਰਾਜ਼ ਕਰ ਦਿੰਦੇ ਹਨ ਜਾਂ ਅਜਿਹੇ ਢੰਗ ਨਾਲ ਗੱਲ ਕਰਦੇ ਹਨ ਕਿ ਜਿਸ ਵਿੱਚ ਇਤਰਾਜ਼ ਦਾ ਰੂਪ ਹੋਵੇ । ਅਜਿਹੇ ਹੀ ਲੋਕਾਂ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਇਕ ਥਾਂ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਇਕ ਵਾਰ ਅਜਿਹੇ ਦੋ ਵੱਖ ਸੁਭਾਵਾਂ ਦਾ ਇਕੱਠ ਹੋ ਗਿਆ ਭਾਵ ਇਕ ਥਾਂ ਇਕੱਠੇ ਹੋ ਗਏ । **4** ਅਪ੍ਰੈਲ **1905** ਈ. ਨੂੰ ਖਤਰਨਾਕ ਭੁਚਾਲ ਆਇਆ । ਇਸ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਭੁਚਾਲਾਂ ਬਾਰੇ ਅਧਿਕਤਰ ਇਲਹਾਮ ਹੋਏ । ਬਹੁ ਗਿਣਤੀ ਵਿੱਚ ਹੋਏ ਕਿ ਹੁਣ ਭੁਚਾਲ ਆਉਣਗੇ । ਆਪ ਆਪਣੇ ਰੱਬ ਦੇ ਕਲਾਮ ਦਾ ਅਦਬ ਤੇ ਸਨਮਾਨ ਕਰਦਿਆਂ ਹੋਇਆਂ ਆਪਣੇ ਬਾਗ਼ ਵਿੱਚ ਚਲੇ ਗਏ । ਕਈ ਮੂਰਖ ਇਸ ਸਮੇਂ ਇਹ ਵੀ ਆਖ ਦਿਆ ਕਰਦੇ ਸਨ ਕਿ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਤਾਊਨ (ਪਲੇਗ) ਤੋਂ ਡਰ ਕੇ ਬਾਗ਼ ਵਿੱਚ ਚਲੇ ਗਏ ਹਨ ਜੱਦ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਆਪਣਾ ਘਰ ਨਹੀਂ ਛੱਡਿਆ ।

ਸੋ, ਕੁਝ ਕਾਹਲੇ ਸੁਭਾਵ ਦੇ ਲੋਕ ਕਈ ਵਾਰ ਬਿਨਾ ਸੋਚਿਆਂ ਸਮਝਿਆਂ ਹੀ ਇਤਰਾਜ਼ ਕਰ ਦਿੰਦੇ ਹਨ ਇਸ ਤੋਂ ਮਿਤੱਰਾਂ ਨੂੰ ਬਚਣਾ ਚਾਹੀਦਾ ਹੈ । ਖ਼ੁਤਬਾ ਇਲਹਾਮੀਆ ਸਮੇਂ ਜਿਵੇਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਜਿਸ ਪ੍ਰਕਾਰ ਦੇਖਿਆ ਓਸ ਨੂੰ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਮੈਂਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਭਾਵੇਂ ਮੈਂ ਛੋਟਾ ਹੋਣ ਕਰਕੇ ਅਰਬੀ ਨਹੀਂ ਸਮਝ ਸਕਦਾ ਸੀ ਪਰ ਆਪ ਦੀ ਅਜਿਹੀ ਸੁੰਦਰ ਨੂਰ ਨਾਲ ਭਰੀ ਹੋਈ ਅਵਸਥਾ ਬਣੀ ਹੋਈ ਸੀ ਕਿ ਮੈਂ ਅਰੰਭ ਤੋਂ ਅੰਤ ਤੱਕ ਨਿਰੰਤਰ ਆਪ ਦੀ ਤਕਰੀਰ (ਭਾਸ਼ਣ) ਸੁਣਦਾ ਰਿਹਾ ਜਦ ਕਿ ਇਕ ਸ਼ਬਦ ਵੀ ਨਹੀਂ ਸਮਝ ਸਕਦਾ ਸੀ ।

ਮਸਜਿਦ ਮੁਬਾਰਕ ਕਾਦੀਆਂ ਦੀ ਮਹਤੱਾ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਾਹ ਅਨਹੁ ਨੇ ਇਹ ਘਟਣਾ ਵਰਨਣ ਕੀਤੀ ਕਿ ਕਈ ਮਿਤੱਰਾਂ ਨੇ ਬਿਨਤੀ ਕੀਤੀ ਕਿ ਖੁਤਬਾ ਇਲਹਾਮੀਆਂ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਜੋ ਇਸ਼ਤਿਹਾਰ ਸ਼ਾਮਲ ਹੈ ਉਸ ਤੋਂ ਪਤਾ ਨਹੀਂ ਲਗੱਦਾ ਕਿ ਮਸਜਿਦ ਮੁਬਾਰਕ ਕਿਹੜੀ ਹੈ । ਇਸ'ਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਖ਼ੁਤਬਾ ਇਲਹਾਮੀਆ ਮੰਗਵਾਕੇ ਉਸ ਨਾਲ ਸ਼ਾਮਲ ਇਸ਼ਤਿਹਾਰ ਪੱੜ੍ਹਿਆ ਅਤੇ ਸਮਝਾਇਆ ਕਿ ਇਸ ਤੋਂ ਭਾਵ ਇਹੋ ਮਸਜਿਦ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬਣਵਾਈ ਹੈ ਅਤੇ ਹੇਠ ਲਿਖੇ ਅਨੁਸਾਰ ਆਪ ਨੇ ਇਹ ਰਿਵਾਇਤ ਵਰਨਣ ਕੀਤੀ ਕਿ ਇਕ ਵਾਰ 'ਉਮੁੱਲ ਮੋਮਿਨੀਨ' (ਹਜ਼ਰਤ ਅਮੱਾਂ ਜਾਨ) ਬਿਮਾਰ ਹੋ ਗਈਂ ਅਤੇ ਲਗਭਗ **40** ਦਿਨਾਂ ਤੱਕ ਬਿਮਾਰ ਰਹੀਂ ।

ਇਕ ਦਿਨ ਹਜ਼ਰਤ ਸਾਹਬ ਨੇ ਫ਼ਰਮਾਇਆ ਕਿ ਇਸ ਮਸਜਿਦ ਬਾਰੇ ਇਲਹਾਮ ਹੈ । ਇਸ ਦੇ ਤਾਂ ਆਪ ਨੇ ਸੰਖੇਪ ਸ਼ਬਦ ਵਰਨਣ ਕੀਤੇ ਹਨ ਅਸਲ ਇਲਹਾਮ ਇਸ ਪ੍ਰਕਾਰ ਹੈ । "ਮੁਬਾਰਿਕ ਵ ਮੁਬਾਰਕ ਵ ਕੁੱਲੁ ਅਮਰਿਨ ਮੁਬਾਰਾਕਿਨ ਯਜਅਲ ਫ਼ੀਹਿ" (مبارِكٌ و مبارَكٌ وكل امر مبارَكٍ يجعل فيه) ਕਿ ਆਪ ਨੇ ਫ਼ਰਮਾਇਆ ਕਿ ਇਹ ਇਲਹਾਮ ਹੈ ਤਾਂ ਚੱਲੋ ਕਿਉਂਕਿ ਇਹ ਇਲਹਾਮ ਹੈ ਇਸ ਮਸਜਿਦ ਬਾਰੇ ਇਸ ਵਿੱਚ ਜਾਕੇ ਦਵਾਈ ਦਿੰਦੇ ਹਾਂ । ਹਜ਼ਰਤ ਅਮੱਾਂ ਜਾਨ ਨੂੰ ਓਥੇ ਜਾਕੇ ਦਵਾਈ ਦਿੰਦੇ ਹਨ ਮਸਜਿਦ ਵਿੱਚ, ਫਿਰ ਆਪ ਨੇ ਏਥੇ ਆਕੇ ਦਵਾਈ ਪਿਲਾਈ ਅਤੇ ਦੋ ਘੰਟੇ ਵਿੱਚ 'ਉਮੁੱਲ ਮੋਮਿਨੀਨ' ਠੀਕ ਹੋ ਗਈਂ । ਡਾਕਟਰਾਂ ਨੂੰ ਇਕ ਨਸੀਹਤ (ਉਪਦੇਸ਼) ਕਿ ਧਰਮ ਦੀ ਸੇਵਾ ਕਰਨ ਦਾ ਹੱਕ ਉਹਨਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਫ਼ਰਮਾਉਂਦੇ ਹਨ ਕਿ ਰੋਗੀਆਂ ਉਪੱਰ ਸਚੱਾਈ ਤੇ ਹੱਕ ਦਾ ਬਹੁਤ ਛੇਤੀ ਪ੍ਰਭਾਵ ਹੁੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਇਕ ਡਕਟਰ ਨੇ ਪੁੱਛਿਆ ਕਿ ਮੈਂ ਧਰਮ ਦੀ ਕੀ ਸੇਵਾ ਕਰ ਸਕਦਾ ਹਾਂ । ਆਪ ਨੇ ਫ਼ਰਮਾਿਇਆ ਕਿ ਆਪ ਰੋਗੀਆਂ ਨੂੰ ਪ੍ਰਚਾਰ ਕੀਤਾ ਕਰਨ । ਇਹ ਬਹੁਤ ਹੀ ਚੰਗਾ ਮੌਕਾ ਹੁੰਦਾ ਹੈ ਕਿਉਂਕਿ ਰੋਗੀ ਦਾ ਦਿਲ ਨਰਮ ਹੁੰਦਾ ਹੈ ।

ਸੋ, ਇਹ ਸੋਚ ਇਸ ਜੁੱਗ ਦੇ ਡਕਟਰਾਂ ਨੂੰ ਵੀ ਰਖੱਣੀ ਚਾਹੀਦੀ ਹੈ ਅਤੇ ਇਹੋ ਸੋਚ ਤੇ ਅਮਲ ਫਿਰ ਦੁਨੀਆ ਕਮਾਉਣ ਦੇ ਨਾਲ ਧਰਮ ਦੀ ਸੇਵਾ ਦਾ ਮੌਕਾ ਦੇਕੇ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨ ਵਾਲਾ ਵੀ ਬਣਾਏਗਾ । ਪਰਦੇ ਦਾ ਮਾਮਲਾ ਅੱਜ ਕੱਲ ਏਥੇ ਪਛੱਮੀ ਦੇਸ਼ਾਂ ਵਿੱਚ ਬਹੁਤ ਜ਼ੋਰ ਸ਼ੋਰ ਨਾਲ ਉਠਾਇਆ ਜਾਂਦਾ ਹੈ । ਇਸਤਰੀ ਦੇ ਅਧਿਕਾਰਾਂ ਦੇ ਨਾਂ'ਤੇ ਜਾਂ ਦਹਿਸ਼ਤ ਗਰਦੀ (ਆਤੰਕ) ਖ਼ਤਮ ਕਰਨ ਦੇ ਨਾਂ'ਤੇ ਜਾਂ ਅਕਾਰਣ ਹੀ ਇਸਲਾਮ ਉਪੱਰ ਇਤਰਾਜ਼ ਕਰਨ ਕਰਕੇ । ਰੱਬ ਨੇ ਕੁਰਆਨ ਕਰੀਮ ਵਿੱਚ ਇਸ ਦੇ ਵੱਖ ਵੱਖ ਪਖੱਾਂ ਨੂੰ ਵਰਨਣ ਕੀਤਾ ਹੈ ਕਿ ਕਿਵੇਂ ਪਰਦਾ ਕਰਨਾ ਚਾਹੀਦਾ ਹੈ ਕਿੰਨ੍ਹਾ ਅਵਸਥਾਵਾਂ ਵਿੱਚ ਪਰਦਾ ਕਰਨਾ ਚਾਹੀਦਾ ਹੈ ਇਸ ਵਿੱਚ ਇਸਤਰੀ ਦੀ ਸੁੰਦਰਤਾ ਦੇ ਪ੍ਰਕਟ ਹੋਣ ਬਾਰੇ ਵੀ ਇਹ ਫ਼ਰਮਾਇਆ ਕਿ 'ਇਲਾ ਮਾ ਜ਼ਾਹਰਾ ਮਿਨਹਾ' ( الاماظهرمنها) ਇਸ ਦੀ ਵਿਆਖਿਆ ਕਰਦਿਆਂ ਹੋਇਆਂ ਅਤੇ ਇਸ ਹਵਾਲੇ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਜੋ ਆਦੇਸ਼ ਹੈ ਉਹ ਪੇਸ਼ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਲੱਾ ਮਾ ਜ਼ਾਹਾਰਾ ਮਿਨਹਾ ( الاماظهرمنها) ਦੇ ਇਹ ਅਰਥ ਹਨ ਕਿ ਉਹ ਭਾਗ ਜੋ ਆਪਣੇ ਆਪ ਹੀ ਪ੍ਰਕਟ ਹੋਵੇ ਅਤੇ ਜਿਸ ਨੂੰ ਕਿਸੇ ਮਜਬੂਰੀ ਕਰਕੇ ਲੁਕਾਇਆ ਨ ਜਾ ਸਕੇ ਭਾਵੇ ਇਹ ਮਜਬੂਰੀ ਬਣਾਵਟ ਦੇ ਪੱਖੋਂ ਹੋਵੇ ਅਰਥਾਤ ਬਣਾਵਟ ਇਹ ਨਹੀਂ ਕਿ ਵਿਖਾਵੇ ਦੀ ਬਣਾਵਟ ਸਗੋਂ ਸ਼ਰੀਰ ਦੀ ਬਣਾਵਟ ਜਿਵੇਂ ਕਿ ਕੱਦ (ਹਾਈਟ) ਹੈ ਇਹ ਵੀ ਇਕ ਸੁੰਦਰਤਾ ਹੈ ਪਰ ਇਸ ਨੂੰ ਲੁਕਾਉਂਣਾ ਅਸੰਭਵ ਹੈ, ਸੋ, ਇਸ ਨੂੰ ਪ੍ਰਕਟ ਕਰਨ ਤੋਂ ਸ਼ਰੀਅਤ ਨਹੀਂ ਰੋਕਦੀ ਜਾਂ ਰੋਗ ਦੇ ਪੱਖੋਂ ਹੋਵੇ ਕਿ ਕੋਈ ਭਾਗ ਸ਼ਰੀਰ ਦਾ ਇਲਾਜ ਲਈ ਡਾਕਟਰ ਨੂੰ ਦਿਖਾਉਂਣਾ ਪੈ ਜਾਵੇ ਤਾਂ ਉਹ ਵੀ ਦਿਖਾਇਆ ਜਾ ਸਕਦਾ ਹੈ । ਸੋ, ਇਸਲਾਮ ਨੇ ਅਜ਼ਾਦੀ ਵੀ ਕਾਇਮ ਕੀਤੀ ਹੈ ਅਤੇ ਹਦਾਂ ਵੀ ਨਿਰਧਾਰਤ ਕੀਤੀਆਂ ਹਨ, ਖੁੱਲੀ ਛੁੱਟੀ ਨਹੀਂ ਦੇ ਦਿੱਤੀ । ਕਈ ਮਜਬੂਰੀਆਂ ਕਰਕੇ ਆਗਿਆ ਹੈ ਕਿ ਪਰਦੇ ਨੂੰ ਘੱਟ ਕੀਤਾ ਜਾ ਸਕਦਾ ਹੈ ਘੱਟ ਮਿਆਰ ਦਾ ਕੀਤਾ ਜਾ ਸਕਦਾ ਹੈ ਪਰ ਨਾਲ ਹੀ ਅਕਾਰਣ ਹੀ ਕੋਈ ਨਜਾਇਜ਼ ਤੋਰ'ਤੇ ਇਸਲਾਮੀ ਆਦੇਸ਼ਾਂ ਨੂੰ ਛਡੱਣਾ ਇਸ ਤੋਂ ਵੀ ਮਨਾਹੀ ਹੈ । ਅਜ਼ਾਦੀ ਦੇ ਨਾਂ'ਤੇ ਬੇ ਹਿਯਾਈ ਨਹੀਂ ਰੱਖੀ ਇਸਲਾਮ ਨੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਿਧਾਨਕ ਗਿਆਨ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਕਿ ਇਸਲਾਮੀ ਮਸਲਿਆਂ ਦੀ ਨੀਂਹ ਵਿਧਾਨ ਉਪੱਰ ਹੈ ਉਹਨਾਂ ਵਿੱਚ ਸੂਖਮ ਦਾਨਾਈ ਹੁੰਦੀ ਹੈ ਅਤੇ ਜੱਦ ਤੱਕ ਉਹਨਾਂ ਨੂੰ ਨ ਸਮਝਿਆ ਜਾਵੇ ਮਨੁੱਖ ਧੋਖਾ ਖਾਕੇ ਕਈ ਵਾਰੀ ਗੁਮਰਾਹੀ ਵੱਲ ਨਿਕਲ ਜਾਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਲਹਿ ਸਲਾਮ ਨੇ ਇਕ ਵਾਰ ਕਿਸੇ ਸਭਾ ਵਿੱਚ ਵਰਨਣ ਕੀਤਾ ਕਿ ਜੇਕਰ ਮਨੁੱਖ ਸੰਜਮਤਾ ਤੋਂ ਕੰਮ ਲਏ ਤਾਂ ਭਾਵੇਂ ਸੌ ਵਿਆਹ ਕਰ ਲਏ । ਇਕ ਜੁੱਗ ਵਿੱਚ ਇਹ ਸਮੱਸਿਆ ਵੀ ਚਰਚਾ ਵਿੱਚ ਆਈ । ਹਜ਼ਰਤ ਖ਼ਲੀਫ਼ਾ ਅਵੱਲ ਨੇ ਫ਼ਰਮਾਇਆ ਕਿ ਚਾਰ ਪਤਨੀਆਂ ਦੀ ਹੱਦਬੰਦੀ ਸ਼ਰੀਅਤ ਤੋਂ ਪ੍ਰਮਾਣਤ ਨਹੀਂ ਅਤੇ ਅਬੁਦਾਊਦ ਦੀ ਇਕ ਰਿਵਾਇਤ ਵੀ ਪੇਸ਼ ਕੀਤੀ ਜਿਸ ਵਿੱਚ ਲਿੱਖਿਆ ਸੀ ਕਿ ਹਜ਼ਰਤ ਇਮਾਮ ਹਸਨ ਦੇ ਅਠਾਰਾਂ ਜਾਂ ਉਂਨ੍ਹੀ ਨਿਕਾਹ ਹੋਏ । ਹਜ਼ਰਤ ਮੌਲਵੀ ਸਾਹਬ ਨੇ ਇਹ ਹਵਾਲਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦਿਖਾਉਣ ਲਈ ਭੇਜਿਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮੌਲਵੀ ਸਾਹਬ ਨੂੰ ਜਾਕੇ ਪੁੱਛੋ ਕਿ

ਇਹ ਕਿੱਥੇ ਲਿੱਖਿਆ ਹੈ ਕਿ ਇਹ ਸਾਰੀਆਂ ਪਤਨੀਆਂ ਇਕ ਹੀ ਸਮੇਂ ਵਿੱਚ ਸਨ । ਫਿਰ ਇਹ ਸਮੱਸਿਆ ਖ਼ਤਮ ਹੋ ਗਈ ਕਿ ਚਾਰ ਤੋਂ ਵੱਧ ਵਿਆਹ ਵੀ ਨਹੀਂ ਹੋ ਸਕਦੇ ਅਤੇ ਇਸ ਵਿੱਚ ਵੀ ਸ਼ਰਤਾਂ ਹਨ ਅਤੇ ਤਕਵਾ (ਸੰਜਮਤਾ) ਸਭ ਤੋਂ ਵੱਡੀ ਸ਼ਰਤ ਹੈ । ਇਮਾਮ ਦੀ ਅਵਾਜ਼ ਉਪੱਰ ਲੱਬੈਕ (ਹਾਜ਼ਰ) ਕਹਿਣਾ ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ । ਇਮਾਮ ਦੀ ਅਵਾਜ਼ ਦੇ ਟਾਕਰੇ'ਤੇ ਲੋਕਾਂ ਦੀ ਅਵਾਜ਼ ਕੋਈ ਅਰਥ ਨਹੀਂ ਰਖੱਦੀ । ਤੁਹਾਡਾ ਕਰਤਵ ਹੈ ਕਿ ਜੱਦ ਵੀ ਤੁਹਾਡੇ ਕੰਨ੍ਹਾਂ ਵਿੱਚ ਰੱਬ ਦੇ ਰਸੂਲ ਦੀ ਅਵਾਜ਼ ਆਏ ਤਾਂ ਤੁਸੀਂ ਝੱਟ ਉਸ'ਤੇ ਲੱਬੈਕ (ਹਾਜ਼ਰ ਹਾਂ) ਕਹੋ ਅਤੇ ਉਸ ਦੀ ਪੈਰ੍ਹਵੀ ਲਈ ਦੌੜ ਪਓ ਕਿ ਇਸੇ ਵਿੱਚ ਤੁਹਾਡੀ ਤਰੱਕੀ ਦਾ ਰਾਜ਼ (ਭੇਦ) ਲੁਕਿਆ ਹੈ । ਸਗੋਂ ਜੇਕਰ ਮਨੁੱਖ ਉਸ ਸਮੇਂ ਨਮਾਜ਼ ਪੜ੍ਹ ਰਿਹਾ ਹੋਵੇ ਤਾਂ ਵੀ ਉਸ ਦਾ ਫ਼ਰਜ਼ ਹੈ ਕਿ ਉਹ ਨਮਾਜ਼ ਛੱਡਕੇ ਰੱਬ ਦੇ ਰਸੂਲ ਦੀ ਅਵਾਜ਼ ਦਾ ਉੱਤਰ ਦੇਵੇ । ਕਈ ਲੋਕਾਂ ਨੇ ਇਸ'ਤੇ ਇਤਰਾਜ਼ ਕੀਤਾ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਆਇਤ ਪੜ੍ਹੀ ਕਿ "ਲਾ ਤਜਆਲੂ ਦੁਆ ਅਰੱਸੂਲਿ ਬੈਨਾਕੁਮ ਕ-ਦੁਆਇ ਬਾਅਜ਼ਿਕੁਮ ਬਾਅਜ਼ਾ, ਕਦ ਯਾਲਾਮੁਲੱਾਹੁਲੱਜ਼ੀਨਾ ਯਾਤਾਸਾਆਲੂਨਾ ਮਿਨਕੁਮ ਲਿਵਾਜ਼ਾ, ਫ਼ਲਯਹਜ਼ਾ ਰਿਲੱਜ਼ੀਨਾ ਯੁਖ਼ਾਲਿਫ਼ੂਨਾ ਅਨ ਅਮਰਿਹੀ ਅਨ ਤੁਸੀਬੁਹੁਮ ਫਿਤਨਾਤੁਨ ਔ ਯੁਸੀਬੁਹੁਮ ਅਜ਼ਾਬੁਨ ਅਲੀਮ 0" ( لَا تَجْعَلُوْا دُعَآءَ الرَّسُوْلِ بَيْنَكُمْ كَدُعَآءِ بَعْضِكُمْ بَعْضًا ؕ قَدْ يَعْلَمُ اللّٰهُ الَّذِيْنَ يَتَسَلَّلُوْنَ مِنْكُمْ لِوَاذًا ۚ فَلْيَحْذَرِ الَّذِيْنَ يُخَالِفُوْنَ عَنْ اَمْرِهٖۤ اَنْ تُصِيْبَهُمْ فِتْنَةٌ اَوْ يُصِيْبَهُمْ عَذَابٌ اَلِيْمٌ ۝٦٣ ) ਤੁਹਾਡੇ ਵਿੱਚ ਰਸੂਲ ਦਾ ਤੁਹਾਨੂੰ ਬੁਲਾਉਣਾ ਇਉਂ ਨ ਬਣਾਓ ਜਿਵੇਂ ਤੁਸੀਂ ਇਕ ਦੂਜੇ ਨੂੰ ਬੁਲਾਉਂਦੇ ਹੋ ਉੱਚੀ ਅਵਾਜ਼ਾਂ ਵਿੱਚ, ਜਾਂ ਸਮਝਦੇ ਹੋ ਬੁਲਾਇਆ ਉਤੱਰ ਦੇ ਦਿੱਤਾ ਨ ਦਿਤੱਾ । ਰੱਬ ਨਿਸ਼ਚੇ ਹੀ ਲੋਕਾਂ ਨੂੰ ਜਾਣਦਾ ਹੈ ਜੋ ਤੁਹਾਡੇ ਵਿੱਚ ਨਜ਼ਰ ਬਚਾਕੇ ਚੁਪ ਕਰਕੇ ਨਿਕਲ ਜਾਂਦੇ ਹਨ । ਸੋ, ਉਹ ਲੋਕ ਜੋ ਉਸ ਦੇ ਆਦੇਸ਼ ਦੀ ਵਿਰੋਧਤਾ ਕਰਨ ਵਾਲੇ ਹਨ ਉਹ ਇਸ ਗੱਲ ਤੋਂ ਡਰਨ ਕਿ ਉਹਨਾਂ ਨੂੰ ਕੋਈ ਔਕੁੜ ਜਾਂ ਮੁਸੀਬਤ ਆ ਜਾਵੇ ਜਾਂ ਪੀੜ੍ਹਾਦਾਇਕ ਕਸ਼ਟ ਪਹੁੰਚੇ । ਸੋ, ਇਸੇ ਪ੍ਰਕਾਰ ਇਕ ਹੋਰ ਥਾਂ ਆਇਆ ਹੈ ਕਿ "ਯਾਅੱਯੋ ਹਲੱਜ਼ੀਨਾ ਆਮਾਨੁਸ ਤਜੀਬੂ ਲਿਲੱਾਹਿ ਵਾਲਿਰੱਸੂਲਿ ਇਜ਼ਾ ਦਆਕੁਮ ਲਿਮਾ ਯੁਹਯੀਕੁਮ ( يٰۤاَيُّهَا الَّذِيْنَ اٰمَنُوا اسْتَجِيْبُوْا لِلّٰهِ وَلِلرَّسُوْلِ اِذَا دَعَاكُمْ لِمَا يُحْيِيْكُمْ ) ਕਿ ਹੇ ਮੋਮਿਨੋ ! ਤੁਸੀਂ ਰੱਬ ਅਤੇ ਉਸ ਦੇ ਰਸੂਲ ਦੀਆਂ ਗੱਲਾਂ ਸੁਣਨ ਲਈ ਝੱਟ ਹਾਜ਼ਰ ਹੋ ਜਾਇਆ ਕਰੋ । ਜੱਦ ਉਹ ਤੁਹਾਨੂੰ ਜੀਉਂਦਿਆਂ ਕਰਨ ਲਈ ਪੁਕਾਰੇ ।

ਬਹਿਰਹਾਲ ਨਬੀ ਦੀ ਅਵਾਜ਼ ਉਪੱਰ ਝੱਟ ਲੱਬੈਕ ਕਹਿਣਾ ਜ਼ਰੂਰੀ ਗੱਲ ਹੈ ਸਗੋਂ ਈਮਾਨ ਦੀਆਂ ਨਿਸ਼ਾਨੀਆਂ ਵਿੱਚੋਂ ਇਕ ਵੱਡੀ ਨਿਸ਼ਾਨੀ ਹੈ । ਹਰ ਕੰਮ ਰੱਬ ਦੀ ਰਜ਼ਾ ਤੇ ਉਸ ਦੇ ਆਦੇਸ਼ਾਂ ਉਪੱਰ ਚਲਦਿਆਂ ਹੋਇਆ ਕਰੋ । ਲੋਕਾਂ ਨੂੰ ਖ਼ੁਸ਼ ਕਰਨ ਲਈ ਕੰਮ ਨਹੀਂ ਕਰਨਾ ਚਾਹੀਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕਿਸੇ ਨੇ ਇਕ ਵਾਰ ਇਕ ਸਭਾ ਵਿੱਚ ਪੁੱਛਿਆ ਕਿ ਸਾਡੀ ਜਮਾਤ ਦੇ ਅਧਿਕਤਰ ਲੋਕ ਦਾੜ੍ਹੀ ਮੁੰਨਵਾਉਂਦੇ ਹਨ ਆਪ ਨੇ ਫ਼ਰਮਾਇਆ ਕਿ ਅਸਲ ਚੀਜ਼ ਤਾਂ ਇਲਾਹੀ ਪ੍ਰੇਮ ਹੈ ਜਦ ਇਹਨਾਂ ਲੋਕਾਂ ਦੇ ਦਿਲਾਂ ਵਿੱਚ ਇਲਾਹੀ ਪ੍ਰੇਮ ਪੈਦਾ ਹੋ ਜਾਵੇਗਾ ਤਾਂ ਆਪ ਹੀ ਆਪ ਇਹ ਲੋਕ ਸਾਡੀ ਨਕਲ ਕਰਨ ਲੱਗ ਜਾਣਗੇ ।

ਅਲੱਾਹ ਕਰੇ ਕਿ ਅਸੀਂ ਵਾਸਤਵ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਗੱਲਾਂ ਨੂੰ ਸਮਝਣ ਵਾਲੇ ਹੋਈਏ ਅਤੇ ਹਕੀਕੀ ਇਲਾਹੀ ਪ੍ਰੇਮ ਸਾਡੇ ਵਿੱਚ ਪੈਦਾ ਹੋ ਜਾਵੇ ਅਤੇ ਸਾਡਾ ਹਰ ਅਮਲ ਅਤੇ ਹਰ ਕਾਰਜ ਰੱਬ ਦੇ ਆਦੇਸ਼ਾਂ ਅਨੁਸਾਰ ਹੋਵੇ । ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਅਬਦੁਨੂੱਰ ਜਾਬੀ ਸਾਹਬ ਆਫ਼ ਸੀਰੀਆ ਦੀ ਸ਼ਹਾਦਤ ਦਾ ਵਿਸਸਥਾਰਪੂਰਨ ਵਰਨਣ ਕੀਤਾ ਅਤੇ ਮੌਸੂਫ਼ ਦੇ ਸਦਗੁਣਾ ਨੂੰ ਵਰਨਣ ਕਰਦਿਆਂ ਹੋਇਆਂ ਨਮਾਜ਼ ਕਨਾਜ਼ਾ ਪੜ੍ਹਉਣ ਦਾ ਐਲਾਨ ਕੀਤਾ ।

**Khulasa Khutba 18.03.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131